ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਕੰਪਲੈਕਸ

ਪੰਜਾਬ ਸਕੂਲ ਸਿੱਖਿਆ ਬੋਰਡ ਫੇਜ-8 ਐਸ.ਏ.ਐਸ. ਨਗਰ

(ਦਫਤਰੀ ਅਮਲਾ ਸਾਖਾ)

1288
31/8/18

ਵੱਲ:

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ./ਐਲੀ.ਸਿ.),

ਮੀਮੋ ਨੰ: 3/3-18 ਦਅ (6)/2018389147
ਮਿਤੀ: 29/8/18

**ਵਿਸ਼ਾ:-** **ਅਧੀਨ ਦਫਤਰਾਂ ਵਿੱਚ ਕੰਮ ਕਰਦੇ ਦਰਜਾ-4 (ਦਸਵੀਂ ਪਾਸ) ਅਤੇ ਦਰਜਾ-3 ਕਰਮਚਾਰੀਆਂ ਤੋਂ ਬਤੌਰ ਕਲਰਕ ਦੀ ਪਦਉੱਨਤੀ ਕਰਨ ਸਬੰਧੀ।**

**ਹਵਾਲਾ:-** **ਇਸ ਦਫਤਰ ਦੇ ਪੱਤਰ ਨੰ: 3/3-18ਦਅ(6) ਮਿਤੀ: 24/08/2018 ਦੀ ਲਗਾਤਾਰਤਾ ਵਿੱਚ।**

ਪੰਜਾਬ ਸਿੱਖਿਆ ਵਿਭਾਗ (ਅਧੀਨ ਦਫਤਰਾਂ) ਵਿੱਚ ਕੰਮ ਕਰਦੇ ਦਰਜਾ-4 (ਦਸਵੀਂ ਪਾਸ) ਅਤੇ ਦਰਜਾ-3 (ਐਸ.ਐਲ.ਏ., ਸਹਾਇਕ ਲਾਇਬ੍ਰੇਰੀਅਨ/ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ ਅਤੇ ਡਰਾਈਵਰ) ਤੋਂ ਬਤੌਰ ਕਲਰਕ ਦੀ ਪੱਦਉੱਨਤੀ ਲਈ ਟਾਈਪ ਟੈਸਟ ਪੰਜਾਬ ਸਰਕਾਰ ਪ੍ਰਸ਼ਾਸਨਿਕ ਸੁਧਾਰ ਵਿਭਾਗ (ਪ੍ਰਸ਼ਾਸਨਿਕ ਸੁਧਾਰ-1 ਸ਼ਾਖਾ) ਦੇ ਨੋਟੀਫਿਕੇਸ਼ਨ ਨੰ: 11/4/2017-2ਪ੍ਰ.ਸ.1/932220/1 ਮਿਤੀ: 02/03/2017 (ਕਾਪੀ ਨੱਥੀ ਹੈ) ਅਨੁਸਾਰ ਲਿਆ ਜਾਵੇਗਾ।

ਜੋ ਦਰਜਾ-4 (ਦਸਵੀਂ ਪਾਸ) ਅਤੇ ਦਰਜਾ-3 (ਐਸ.ਐਲ.ਏ., ਸਹਾਇਕ ਲਾਇਬ੍ਰੇਰੀਅਨ/ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ ਅਤੇ ਡਰਾਈਵਰ) ਨੇ ਬਤੌਰ ਕਲਰਕ ਦੀ ਪੱਦਉੱਨਤੀ ਲਈ ਆਪਣਾ ਨਾਮ ਦਰਜ ਕਰਾਉਣਾ ਹੈ ਉਹ ਕਰਮਚਾਰੀ ਵਿਭਾਗ ਦੀ ਵੈਬਸਾਈਟ epunjabschool.gov.in ਪੋਰਟਲ ਤੇ ਆਪਣਾ ਨਾਮ Login ਕਰਕੇ ਆਪਣੀ ਬੇਨਤੀ ਦਰਜ ਕਰਵਾ ਸਕਦੇ ਹਨ।

ਉਕਤ ਸਬੰਧੀ ਆਪਣੇ ਅਧੀਨ ਕੰਮ ਕਰਦੇ ਦਰਜਾ-4 (ਦਸਵੀਂ ਪਾਸ) ਅਤੇ ਦਰਜਾ-3 (ਐਸ.ਐਲ.ਏ., ਸਹਾਇਕ ਲਾਇਬ੍ਰੇਰੀਅਨ/ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ ਅਤੇ ਡਰਾਈਵਰ) ਕਰਮਚਾਰੀਆਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ

29/8/18
**ਅਮਲਾ ਅਫਸਰ**

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ) ਮਾਨਸਾ।

ਪਿੱਠ ਅੰ.ਨੰ. ਅ-2/1() ਟਾਈਪ ਟੈਸਟ/2018 ਮਿਤੀ 4/9/18

ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ/ ਮੁੱਖ ਅਧਿਆਪਕਾਂ ਸਸਸ/ ਸਸ/ ਸਹਿਸ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫਸਰ(ਸ)
ਮਾਨਸਾ।

ਪੰਜਾਬ ਸਰਕਾਰ
ਪ੍ਰਸ਼ਾਸਨਿਕ ਸੁਧਾਰ ਵਿਭਾਗ
(ਪ੍ਰਸ਼ਾਸਨਿਕ ਸੁਧਾਰ-1 ਸ਼ਾਖਾ)

**ਅਧਿਸੂਚਨਾਂ**

ਮਿਤੀ, ਚੰਡੀਗੜ੍ਹ: 02/03/17

ਨੰਬਰ:11/4/2017-2ਪ੍ਰ.ਸੁ.1/932220/1 ਇਹ ਅਧਿਸੂਚਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਕਮਿਸ਼ਨਾਂ ਅਤੇ ਹੋਰ ਅਦਾਰਿਆਂ ਵਿਚ ਦਫਤਰੀ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਯੂਨੀਕੋਡ ਕੰਪਲੈਂਟ ਫੌਂਟ ਰਾਵੀ ਦੀ ਵਰਤੋਂ ਕਰਨਾ ਯਕੀਨੀ ਬਣਾਇਆ ਜਾਵੇ।

ਮਿਤੀ, ਚੰਡੀਗੜ੍ਹ:
27/02/2017

ਆਰ.ਕੇ.ਵਰਮਾ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਪ੍ਰਸ਼ਾਸਨਿਕ ਸੁਧਾਰ ਵਿਭਾਗ।

ਪਿਠ ਅੰਕਣ ਨੰ: 11/4/2017-2ਪ੍ਰ.ਸੁ.1/932220/2 ਮਿਤੀ, ਚੰਡੀਗੜ੍ਹ: 02/03/17

ਉਪਰੋਕਤ ਦਾ ਇਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ, ਪ੍ਰਬੰਧਕੀ ਸਕੱਤਰਾਂ, ਵਿਭਾਗਾਂ ਦੇ ਮੁੱਖੀਆਂ ਅਤੇ ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਭੇਜਕੇ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਕਮਿਸ਼ਨਾਂ ਵਿਚ ਉਪਰੋਕਤ ਦਰਸਾਏ ਫੌਂਟ ਅਨੁਸਾਰ ਦਫਤਰੀ ਕੰਮ ਕਰਨ ਸਬੰਧੀ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਖੇਚਲ ਕਰਨ।

(ਹਰਜੀਤ ਸਿੰਘ ਕੰਦੋਲਾ)
ਵਿਸ਼ੇਸ਼ ਸਕੱਤਰ

ਪਿਠ ਅੰਕਣ ਨੰ: 11/4/2017-2ਪ੍ਰ.ਸੁ.1/932220/3 ਮਿਤੀ, ਚੰਡੀਗੜ੍ਹ: 02/03/17

ਉਪਰੋਕਤ ਦਾ ਇਕ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਸਾਹਿਬਜ਼ਾਦਾ ਅਜ਼ੀਤ ਸਿੰਘ ਨਗਰ, ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਸਧਾਰਨ ਗਜ਼ਟ ਵਿਚ ਛਪਵਾਇਆ ਜਾਵੇ ਅਤੇ ਉਸ ਦੀਆਂ 100 ਕਾਪੀਆਂ ਇਸ ਵਿਭਾਗ ਨੂੰ ਭਿਜਵਾਉਣ ਦੀ ਖੇਚਲ ਕੀਤੀ ਜਾਵੇ।

(ਹਰਜੀਤ ਸਿੰਘ ਕੰਦੋਲਾ)
ਵਿਸ਼ੇਸ਼ ਸਕੱਤਰ

ਪਿਠ ਅੰਕਣ ਨੰ: 11/4/2017-2ਪ੍ਰ.ਸੁ.1/932220/4-7 ਮਿਤੀ, ਚੰਡੀਗੜ੍ਹ: 02/03/17

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਪ੍ਰਮੁੱਖ ਸਕੱਤਰ ਟੂ ਮੁੱਖ ਮੰਤਰੀ ਜੀ, ਪੰਜਾਬ ਨੂੰ ਮਾਨਯੋਗ ਮੁੱਖ ਮੰਤਰੀ ਜੀ ਦੀ ਜਾਣਕਾਰੀ ਲਈ।
2. ਪ੍ਰਮੁੱਖ ਸਕੱਤਰ ਟੂ ਉਪ ਮੁੱਖ ਮੰਤਰੀ ਜੀ, ਪੰਜਾਬ ਨੂੰ ਮਾਨਯੋਗ ਮੁੱਖ ਉਪ ਮੰਤਰੀ ਜੀ ਦੀ ਜਾਣਕਾਰੀ ਲਈ।
3. ਡਾਇਰੈਕਟਰ ਪ੍ਰਸ਼ਾਸਨਿਕ ਸੁਧਾਰ ਵਿਭਾਗ, ਪੰਜਾਬ, ਚੰਡੀਗੜ੍ਹ।
4. ਨਿੱਜੀ ਸਕੱਤਰ ਟੂ ਮੁੱਖ ਸਕੱਤਰ ਜੀ, ਪੰਜਾਬ ਨੂੰ ਮਾਨਯੋਗ ਮੁੱਖ ਸਕੱਤਰ ਜੀ ਦੀ ਜਾਣਕਾਰੀ ਲਈ।

(ਹਰਜੀਤ ਸਿੰਘ ਕੰਦੋਲਾ)
ਵਿਸ਼ੇਸ਼ ਸਕੱਤਰ